ਨਿਊਜ਼ ਰਿਲੀਜ਼

# ਸੂਬੇ ਨੇ ਬੱਚਿਆਂ ਨੂੰ ਦਰਦ ਤੋਂ ਰਾਹਤ ਦੇਣ ਵਾਲੀ ਦਵਾਈ ਦੀ ਵੱਡੀ ਸਪਲਾਈ ਨੂੰ ਸੁਰੱਖਿਅਤ ਕੀਤਾ

06 ਦਸੰਬਰ, 2022 ਮੀਡੀਆ ਵੱਲੋਂ ਪੁੱਛਗਿੱਛ

## ਬੱਚਿਆਂ ਦੇ ਦਰਦ ਅਤੇ ਬੁਖ਼ਾਰ ਦੀ ਦਵਾਈ ਦੀ ਘਾਟ ਦਾ ਮੁਕਾਬਲਾ ਕਰਨ ਲਈ, ਸੂਬੇ ਨੇ ਅਲਬਰਟਾ ਦੇ ਪਰਿਵਾਰਾਂ ਲਈ ਬੱਚਿਆਂ ਲਈ ਐਸੀਟਾਮਿਨੋਫ਼ਿਨ ਅਤੇ ਆਈਬਿਊਪਰੋਫ਼ੈਨ ਦੀਆਂ ਪੰਜ ਮਿਲੀਅਨ ਬੋਤਲਾਂ ਸੁਰੱਖਿਅਤ ਕੀਤੀਆਂ ਹਨ।

ਦੋ ਮਹੀਨਿਆਂ ਲਈ, ਪੂਰੇ ਕੈਨੇਡਾ ਵਿੱਚ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਬੱਚਿਆਂ ਦੇ ਦਰਦ ਅਤੇ ਬੁਖ਼ਾਰ ਦੀ ਦਵਾਈ ਦੀ ਘਾਟ ਦਾ ਸਾਹਮਣਾ ਕਰਨਾ ਪਿਆ ਹੈ। ਇਹ ਘਾਟ ਪਰਿਵਾਰਾਂ ਅਤੇ ਸਿਹਤ ਪ੍ਰਣਾਲੀ 'ਤੇ ਵਾਧੂ ਤਣਾਅ ਪਾ ਰਹੀ ਹੈ, ਕਿਉਂਕਿ ਵਧੇਰੇ ਅਲਬਰਟਾ ਵਾਸੀ ਫਾਰਮੇਸੀਆਂ, ਡਾਕਟਰਾਂ ਅਤੇ ਹਸਪਤਾਲਾਂ ਵਿੱਚ ਜਾ ਰਹੇ ਹਨ। ਇਹ ਯਕੀਨੀ ਬਣਾਉਣ ਲਈ ਕਿ ਬੱਚਿਆਂ ਦੇ ਦਰਦ ਅਤੇ ਬੁਖ਼ਾਰ ਦੀ ਦਵਾਈ ਪੂਰੇ ਸੂਬੇ ਵਿੱਚ ਆਸਾਨੀ ਨਾਲ ਉਪਲਬਧ ਹੋਵੇ ਅਤੇ ਬੱਚਿਆਂ ਅਤੇ ਪਰਿਵਾਰਾਂ ਨੂੰ ਰਾਹਤ ਪਹੁੰਚਾਉਣ ਲਈ, ਅਲਬਰਟਾ ਦੀ ਸਰਕਾਰ ਅਤੇ ਅਲਬਰਟਾ ਹੈਲਥ ਸਰਵਿਸਿਜ਼ ਨੇ ਅਟਾਬੇ ਫਾਰਮਾਸਿਉਟੀਕਲਸ ਐਂਡ ਫਾਈਨ ਕੈਮੀਕਲਜ਼ ਤੋਂ ਪੰਜ ਮਿਲੀਅਨ ਯੂਨਿਟ ਐਸੀਟਾਮਿਨੋਫ਼ਿਨ ਅਤੇ ਆਈਬਿਊਪਰੋਫ਼ੈਨ ਦੀ ਸਪਲਾਈ ਪ੍ਰਾਪਤ ਕੀਤੀ ਹੈ।

ਅਲਬਰਟਾ ਦੀ ਸਰਕਾਰ ਅਤੇ ਅਲਬਰਟਾ ਹੈਲਥ ਸਰਵਿਸਿਜ਼, ਡਰੱਗ ਸੰਸਥਾਨ ਲਾਇਸੈਂਸ ਮਨਜ਼ੂਰੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਹੈਲਥ ਕੈਨੇਡਾ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇੱਕ ਵਾਰ ਮਨਜ਼ੂਰੀ ਮਿਲ ਜਾਣ ਤੋਂ ਬਾਅਦ, ਦਵਾਈ 10 ਹਵਾਈ ਸ਼ਿਪਮੈਂਟਾਂ ਰਾਹੀਂ ਅਲਬਰਟਾ ਪਹੁੰਚਾ ਦਿੱਤੀ ਜਾਵੇਗੀ। ਜਿਵੇਂ ਹੀ ਦਵਾਈ ਸੂਬੇ ਵਿੱਚ ਆਵੇਗੀ, ਇਹ ਕਮਿਊਨਿਟੀ ਅਤੇ ਰਿਟੇਲ ਫਾਰਮੇਸੀਆਂ ਵਿੱਚ ਵੰਡ ਦਿੱਤੀ ਜਾਵੇਗੀ ਤਾਂ ਜੋ ਮਾਪੇ ਅਤੇ ਦੇਖਭਾਲ ਕਰਨ ਵਾਲੇ ਇਸ ਨੂੰ ਆਪਣੇ ਬੱਚਿਆਂ ਲਈ ਖਰੀਦ ਸਕਣ। ਕਿਉਂਕਿ ਅਲਬਰਟਾ ਦੀ ਸਰਕਾਰ ਨੇ ਦਰਦ ਅਤੇ ਬੁਖ਼ਾਰ ਦੀਆਂ ਦਵਾਈਆਂ ਦੀਆਂ ਬਹੁਤ ਸਾਰੀਆਂ ਬੋਤਲਾਂ ਸੁਰੱਖਿਅਤ ਕਰ ਲਈਆਂ ਹਨ, ਇਹ ਉਮੀਦ ਕੀਤੀ ਜਾਂਦੀ ਹੈ ਕਿ ਅਲਬਰਟਾ ਦੇ ਵਾਸੀਆਂ ਨੂੰ ਇਹ ਫਾਰਮੇਸੀ ਸ਼ੈਲਫਾਂ 'ਤੇ ਉਸੇ ਤਰ੍ਹਾਂ ਮਿਲ ਸਕੇਗੀ ਜਿਵੇਂ ਉਨ੍ਹਾਂ ਨੂੰ ਪਹਿਲਾਂ ਨਾਮ-ਬ੍ਰਾਂਡ ਵਾਲੀਆਂ ਦਵਾਈਆਂ ਮਿਲਦੀਆਂ ਸਨ। ਹਾਲਾਂਕਿ, ਜੇਕਰ ਵਿਅਕਤੀਗਤ ਫਾਰਮੇਸੀਆਂ ਆਪਣੇ ਸਟੋਰ ਦੀ ਸਪਲਾਈ ਬਾਰੇ ਚਿੰਤਤ ਹਨ, ਤਾਂ ਉਨ੍ਹਾਂ ਕੋਲ ਕਾਊਂਟਰ ਦੇ ਪਿੱਛੇ ਤੋਂ ਦਵਾਈ ਜਾਰੀ ਕਰਨ ਦੀ ਸਮਰੱਥਾ ਹੋਵੇਗੀ।

ਅਟਾਬੇ ਫਾਰਮਾਸਿਉਟੀਕਲਸ ਐਂਡ ਫਾਈਨ ਕੈਮੀਕਲਜ਼ ਕੋਲ ਪਹਿਲਾਂ ਹੀ ਆਪਣੀ ਕੱਚੀ ਸਮੱਗਰੀ ਲਈ ਹੈਲਥ ਕੈਨੇਡਾ ਤੋਂ ਮਨਜ਼ੂਰੀ ਹੈ ਅਤੇ ਵਰਤਮਾਨ ਵਿੱਚ ਉਹੀ ਖੁਰਾਕਾਂ ਅਮਰੀਕਾ ਅਤੇ ਯੂਨਾਇਟੇਡ ਕਿੰਗਡਮ ਵਰਗੇ ਹੋਰ ਦੇਸ਼ਾਂ ਨੂੰ ਭੇਜਦਾ ਹੈ ਜੋ ਅਲਬਰਟਾ ਪ੍ਰਾਪਤ ਕਰਨ ਲਈ ਕੰਮ ਕਰ ਰਿਹਾ ਹੈ।

## ਫੌਰੀ ਤੱਥ

- ਇਹ ਦਵਾਈ ਵਿਦੇਸ਼ਾਂ ਵਿੱਚ ਹੈਲਥ ਕੈਨੇਡਾ ਦੁਆਰਾ ਪ੍ਰਵਾਨਿਤ ਸਹੂਲਤ ਵਿੱਚ ਤਿਆਰ ਕੀਤੀ ਜਾਵੇਗੀ।
- ਪੈਕੇਜਿੰਗ ਹੈਲਥ ਕੈਨੇਡਾ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੇਗੀ।
- ਖਪਤਕਾਰਾਂ ਲਈ ਰਿਟੇਲ ਲਾਗਤ ਇਸ ਕਿਸਮ ਦੀ ਦਵਾਈ ਦੀ ਔਸਤ ਲਾਗਤ ਦੇ ਅਨੁਸਾਰ ਹੋਵੇਗੀ।
- ਕੈਨੇਡਾ ਵਿੱਚ ਆਯਾਤ ਕੀਤੀਆਂ ਦਵਾਈਆਂ ਨੂੰ ਆਯਾਤ ਲਈ ਅਧਿਕਾਰ ਦਿੱਤੇ ਜਾਣ ਲਈ ਹੈਲਥ ਕੈਨੇਡਾ ਦੁਆਰਾ ਨਿਰਧਾਰਤ ਸੁਰੱਖਿਆ, ਗੁਣਵੱਤਾ ਅਤੇ ਪ੍ਰਭਾਵਸ਼ੀਲਤਾ ਨਿਯਮਾਂ ਨੂੰ ਲਾਜ਼ਮੀ ਪੂਰਾ ਕਰਨਾ ਹੁੰਦਾ ਹੈ।